Alberta

ਨਿਊਜ਼ ਰਿਲੀਜ਼

# 11 ਨਵੇਂ ਸਕੂਲਾਂ ਦੀ ਉਸਾਰੀ ਮੁਕੰਮਲ ਹੋ ਗਈ ਹੈ

02 ਸਤੰਬਰ 2022 ਮੀਡੀਆ ਪੁੱਛਗਿੱਛ

## ਸੂਬੇ ਭਰ ਵਿੱਚ 11 ਨਵੇਂ ਸਕੂਲਾਂ ਦੇ ਮੁਕੰਮਲ ਹੋਣ ਨਾਲ ਅਲਬਰਟਾ ਦੇ 7,100 ਤੋਂ ਵੱਧ ਵਿਦਿਆਰਥੀਆਂ ਲਈ ਅਤਿ-ਆਧੁਨਿਕ ਸਿੱਖਿਆ ਸਥਾਨ ਤਿਆਰ ਹੋਏ ਹਨ।

ਅਲਬਰਟਾ ਦੇ ਕੈਪੀਟਲ ਪਲਾਨ ਨੇ ਬਰੂਕਸ, ਕੈਲਗਰੀ, ਕੋਚਰੇਨ, ਐਡਮਿੰਟਨ, ਗਰੈਂਡ ਪਰੇਰੀ ਅਤੇ ਲੀਗਲ ਵਿੱਚ ਸਥਿਤ 11 ਸਕੂਲਾਂ ਦੀ ਉਸਾਰੀ ਲਈ $276.5 ਮਿਲੀਅਨ ਤੋਂ ਵਧੇਰੇ ਦਾ ਨਿਵੇਸ਼ ਕੀਤਾ। ਇਸ ਨਿਵੇਸ਼ ਨੇ 1,500 ਤੋਂ ਵਧੇਰੇ ਅਲਬਰਟਾ ਵਾਸੀਆਂ ਨੂੰ ਸਕੂਲ ਦੀ ਯੋਜਨਾਬੰਦੀ, ਡਿਜ਼ਾਈਨ ਅਤੇ ਉਸਾਰੀ ਨਾਲ ਸਬੰਧਿਤ ਨੌਕਰੀਆਂ ਵਿੱਚ ਵਾਪਸ ਕੰਮ 'ਤੇ ਲਿਆਉਣ ਵਿੱਚ ਮਦਦ ਕੀਤੀ।

ਸਮੁੱਚੇ ਅਲਬਰਟਾ ਵਿੱਚ ਸਥਿਤ 48 ਹੋਰ ਸਕੂਲੀ ਪ੍ਰੋਜੈਕਟਾਂ 'ਤੇ ਯੋਜਨਾਬੰਦੀ, ਡਿਜ਼ਾਈਨ ਜਾਂ ਉਸਾਰੀ ਦਾ ਕਾਰਜ ਜਾਰੀ ਹੈ। ਇਨ੍ਹਾਂ ਵਿੱਚੋਂ ਪੰਜ ਪ੍ਰੋਜੈਕਟਾਂ ਦੇ 2022 ਦੇ ਅੰਤ ਤੱਕ ਪੂਰਾ ਹੋਣ ਦੀ ਉਮੀਦ ਹੈ।

## ਫੌਰੀ ਤੱਥ

- 2022 ਦੇ ਅੰਤ ਤੱਕ ਪੰਜ ਹੋਰ ਸਕੂਲੀ ਪ੍ਰੋਜੈਕਟਾਂ ਦੇ ਪੂਰਾ ਹੋਣ ਦੀ ਉਮੀਦ ਹੈ:
  - ਮੋਰਿਨਵਿਲੇ ਕਮਿਊਨਿਟੀ ਹਾਈ ਸਕੂਲ ਦਾ ਆਧੁਨਿਕੀਕਰਨ - ਸਤੰਬਰ
  - ਪਾਲ ਕੇਨ ਹਾਈ ਸਕੂਲ ਦੀ ਰਿਪਲੇਸਮੈਂਟ, ਸੇਂਟ ਅਲਬਰਟ – ਅਕਤੂਬਰ
  - ਫਾਦਰ ਲੈਕੋਂਬੇ ਕੈਥੋਲਿਕ ਸਕੂਲ ਦੀ ਰਿਪਲੇਸਮੈਂਟ, ਲੈਕੋਂਬੇ – ਅਕਤੂਬਰ
  - ਨਵਾਂ ਪਰੇਰੀ ਸਕਾਈ ਸਕੂਲ, ਕੈਲਗਰੀ – ਅਕਤੂਬਰ
  - ਬਲੂ ਹਿੱਲਜ਼ ਕਮਿਊਨਿਟੀ ਸਕੂਲ ਦਾ ਆਧੁਨਿਕੀਕਰਨ, ਮੈਕੇਂਜ਼ੀ ਕਾਊਂਟੀ – ਦਸੰਬਰ
- ਅਲਬਰਟਾ ਸਰਕਾਰ ਦੀ 2022 ਦੀ ਕੈਪੀਟਲ ਪਲਾਨ ਸਾਰੇ ਪ੍ਰਾਂਤ ਦੇ ਸਕੂਲੀ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਨ ਲਈ ਤਿੰਨ ਸਾਲਾਂ ਦੌਰਾਨ 1.5 ਬਿਲੀਅਨ ਡਾਲਰ ਪ੍ਰਦਾਨ ਕਰ ਰਹੀ ਹੈ।

## ਮਲਟੀਮੀਡੀਆ

- ਨਵੇਂ ਬੇਸਾਈਡ ਸਕੂਲ ਦਾ ਮੰਤਰੀਆਂ ਦਾ ਦੌਰਾ ਦੇਖੋ